Civil Services (Main)
Examination- 2025

SLPM-U-PNJB

# ਪੰਜਾਬੀ / PUNJABI

## ਪੇਪਰ I / Paper I

## ( ਸਾਹਿਤ ) / ( LITERATURE )

| | |
|---|---|
| *ਨਿਰਧਾਰਿਤ ਸਮਾਂ: **ਤਿੰਨ** ਘੰਟੇ* | *ਕੁੱਲ ਅੰਕ : **250*** |
| *Time Allowed : **Three** Hours* | *Maximum Marks : **250*** |

---

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ, ਜੋ **ਦੋ ਭਾਗਾਂ** ਵਿੱਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿੱਚੋਂ ਕੋਈ **ਤਿੰਨ** ਪ੍ਰਸ਼ਨ ਕਰੋ, ਪਰੰਤੂ ਦੋਵੇਂ ਭਾਗਾਂ ਵਿੱਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ / ਭਾਗ ਦੇ ਅੰਕ, ਉਸ ਦੇ ਨਾਲ ਹੀ ਦੱਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ, **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿੱਚ ਹੀ ਲਿਖੋ ।*

*ਪ੍ਰਸ਼ਨਾਂ ਦੇ ਉੱਤਰ ਲਈ, ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕੱਟਿਆ ਨਾ ਗਿਆ, ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ , ਭਾਵੇਂ ਉਹ ਅਧੂਰਾ ਹੀ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖ਼ਾਲੀ ਹਿੱਸਾ, ਜੇ ਖ਼ਾਲੀ ਹੈ, ਤਾਂ ਉਸ ਉੱਤੇ ਕਾਟਾ ਮਾਰਨਾ ਜ਼ਰੂਰੀ ਹੈ ।*

## Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

---

Civil Services (Main) Examination-2025

## SECTION A

**Q1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤਕ ਹੋਣਾ ਚਾਹੀਦਾ ਹੈ ।** *10×5=50*

(a) ਭਾਸ਼ਾ ਅਤੇ ਲਿਪੀ ਦੇ ਆਪਸੀ ਸੰਬੰਧਾਂ ਬਾਰੇ ਵਿਚਾਰ ਕਰਦੇ ਹੋਏ, ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਵਧੇਰੇ ਢੁਕਵੀਂ ਹੋਣ ਬਾਰੇ ਦਲੀਲਾਂ ਸਹਿਤ ਉੱਤਰ ਦਿਓ । *10*

(b) ਪੰਜਾਬੀ ਭਾਸ਼ਾ ਵਿਚ ਅਗੇਤਰ ਤੇ ਪਿਛੇਤਰ ਤਾਂ ਮਿਲਦੇ ਹਨ, ਪਰ ਮਧੇਤਰ ਨਹੀਂ ਮਿਲਦੇ । ਵਿਵੇਚਨ ਕਰੋ । *10*

(c) ਅਜੋਕੇ ਸੰਦਰਭ ਵਿਚ ਨਾਥ-ਜੋਗੀ ਸਾਹਿਤ ਦੇ ਮਹੱਤਵ ਬਾਰੇ ਸਮੀਖਿਆ ਕਰੋ । *10*

(d) ਗੁਰਮਤਿ ਕਾਵਿ ਦੀ ਸਮਾਜਕ, ਸਭਿਆਚਾਰਕ ਅਤੇ ਸਾਹਿਤਕ ਪਿੱਠ-ਭੂਮੀ ਬਾਰੇ ਤੁਸੀਂ ਕੀ ਜਾਣਦੇ ਹੋ ? ਸੰਖੇਪ ਨੋਟ ਲਿਖੋ । *10*

(e) ਪੰਜਾਬੀ ਵਿਚ ਸਵਰ ਅਤੇ ਵਿਅੰਜਨ ਧੁਨੀਆਂ ਦਾ ਵਰਗੀਕਰਣ ਕਿਹੜੇ ਆਧਾਰਾਂ ਉਤੇ ਕੀਤਾ ਜਾਂਦਾ ਹੈ ? ਚਰਚਾ ਕਰੋ । *10*

**Q2. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਪੂਰਬੀ ਪੰਜਾਬ ਦੀਆਂ ਮੁੱਖ ਉਪਭਾਸ਼ਾਵਾਂ ਕਿਹੜੀਆਂ ਹਨ ਅਤੇ ਕਿਹੜੇ-ਕਿਹੜੇ ਇਲਾਕੇ ਵਿਚ ਬੋਲੀਆਂ ਜਾਂਦੀਆਂ ਹਨ ? ਇਨ੍ਹਾਂ ਵਿਚੋਂ ਕਿਹੜੀ ਉਪਭਾਸ਼ਾ ਨੂੰ ਟਕਸਾਲੀ ਭਾਸ਼ਾ ਦਾ ਦਰਜਾ ਹਾਸਲ ਹੈ ਅਤੇ ਕਿਉਂ ? ਵਿਚਾਰ ਕਰੋ । *20*

(b) ਪੰਜਾਬੀ ਕਿੱਸਾ ਕਾਵਿ ਦਾ ਵਿਸ਼ੈਗਤ ਆਧਾਰ 'ਤੇ ਵਰਗੀਕਰਣ ਕਰੋ ਅਤੇ ਹਰ ਵਰਗ ਦੇ ਕਿੱਸਿਆਂ ਦੀਆਂ ਵਿਸ਼ੇਸ਼ ਖ਼ੂਬੀਆਂ ਬਿਆਨ ਕਰੋ । *15*

(c) ਪੰਜਾਬੀ ਵਾਕ-ਵਿਉਂਤ ਪ੍ਰਬੰਧ ਦੀ ਚਰਚਾ ਕਰਦੇ ਹੋਏ ਪੰਜਾਬੀ ਵਾਕਾਂ ਵਿਚ ਵਾਕ-ਤੱਤਾਂ ਦੇ ਕ੍ਰਮ ਸਿਧਾਂਤ ਦਾ ਉਲੇਖ ਕਰੋ । *15*

**Q3. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਪੰਜਾਬੀ ਸੂਫ਼ੀ ਕਾਵਿ ਦੇ ਵਿਕਾਸ ਪੜਾਵਾਂ ਦੀ ਚਰਚਾ ਕਰੋ । *15*

(b) ਪੰਜਾਬੀ ਧੁਨੀ-ਵਿਗਿਆਨ ਨੂੰ ਪਰਿਭਾਸ਼ਤ ਕਰਦੇ ਹੋਏ ਇਸਦੇ ਅਧਿਐਨ ਖੇਤਰ ਦਾ ਵਿਵੇਚਨ ਕਰੋ । *20*

(c) ਗੁਰਮੁਖੀ ਲਿਪੀ ਦੇ ਜਨਮ ਤੇ ਵਿਕਾਸ ਵਿਚ ਕਿਹੜੀਆਂ ਕਿਹੜੀਆਂ ਲਿਪੀਆਂ ਨੇ ਯੋਗਦਾਨ ਪਾਇਆ ਹੈ ? ਵਿਚਾਰ ਕਰੋ । *15*

**Q4.** ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(a) ਪੰਜਾਬੀ ਧੁਨੀ ਵਿਉਂਤ (Phonology), ਰੂਪ ਵਿਗਿਆਨ (Morphology) ਅਤੇ ਵਾਕ-ਵਿਉਂਤ (Syntax) ਦੇ ਵਿਭਿੰਨ ਪੱਖਾਂ ਬਾਰੇ ਵਿਸਤ੍ਰਿਤ ਜਾਣ-ਪਛਾਣ ਕਰਵਾਓ । *20*

(b) ਜਨਮਸਾਖੀਆਂ ਨੂੰ ਪੰਜਾਬੀ ਵਾਰਤਕ ਦਾ ਮੁੱਢਲਾ ਰੂਪ ਮੰਨਦੇ ਹੋਏ ਇਨ੍ਹਾਂ ਵਿਚ ਪ੍ਰਸਤੁਤ ਵਾਰਤਕ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ । *15*

(c) ਪੰਜਾਬੀ ਸ਼ਬਦ-ਜੋੜਾਂ ਦਾ ਮਿਆਰੀਕਰਣ ਇਕ ਗੰਭੀਰ ਸਮੱਸਿਆ ਹੈ । ਇਸ ਸਮੱਸਿਆ ਦੇ ਹੱਲ ਲਈ ਆਪਣੇ ਸੁਝਾਵ ਪੇਸ਼ ਕਰੋ । *15*

## SECTION B

**Q5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤਕ ਹੋਣਾ ਚਾਹੀਦਾ ਹੈ ।** *10×5=50*

(a) ਨਵ-ਰਹੱਸਵਾਦੀ ਕਾਵਿ-ਪ੍ਰਵਿਰਤੀ ਨਾਲ ਕਿਹੜੇ-ਕਿਹੜੇ ਕਵੀ ਸੰਬੰਧਿਤ ਹਨ ? ਉਨ੍ਹਾਂ ਦੀ ਇਸ ਕਾਵਿ-ਪ੍ਰਵਿਰਤੀ ਨੂੰ ਦੇਣ ਦਾ ਵਿਵੇਚਨ ਕਰੋ । *10*

(b) ਡਾ. ਹਰਿਭਜਨ ਸਿੰਘ ਦੀ ਰੂਪਵਾਦੀ ਆਲੋਚਨਾ ਦ੍ਰਿਸ਼ਟੀ ਦੇ ਮੂਲ ਸੰਕਲਪਾਂ ਦੀ ਸਮੀਖਿਆ ਕਰੋ । *10*

(c) "ਪੰਜਾਬੀ ਲੋਕ-ਗੀਤ, ਲੋਕ ਮਨ ਦੀ ਸਮੂਹਿਕ ਪੇਸ਼ਕਾਰੀ ਕਰਨ ਵਾਲਾ ਇਕ ਸ਼ਕਤੀਸ਼ਾਲੀ ਸਭਿਆਚਾਰਕ ਪ੍ਰਗਟਾਵਾ ਹੈ ।" ਚਰਚਾ ਕਰੋ । *10*

(d) ਚਰਨਦਾਸ ਸਿੱਧੂ ਦੇ ਨਾਟਕਾਂ ਦੇ ਵਿਸ਼ੇ ਪੱਖ ਬਾਰੇ ਵਿਚਾਰ ਪ੍ਰਗਟ ਕਰੋ । *10*

(e) ਪੰਜਾਬੀ ਭਾਸ਼ਾ ਅਤੇ ਸਾਹਿਤ ਉਤੇ ਸੰਸਕ੍ਰਿਤ, ਫ਼ਾਰਸੀ ਅਤੇ ਪੱਛਮੀ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । *10*

**Q6. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) 'ਗੁਰਦਿਆਲ ਸਿੰਘ ਦੇ ਨਾਵਲ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਤ੍ਰਾਸਦਿਕ ਰੂਪਾਂ ਵਿਚ ਪੇਸ਼ ਕਰਦੇ ਹਨ !' ਚਰਚਾ ਕਰੋ । *20*

(b) ਪੰਜਾਬੀ ਪ੍ਰਯੋਗਸ਼ੀਲ ਕਵਿਤਾ ਦੇ ਦਾਰਸ਼ਨਿਕ ਆਧਾਰਾਂ ਦਾ ਵਿਸ਼ਲੇਸ਼ਣ ਕਰੋ । *15*

(c) ਕਹਾਣੀਕਾਰ ਵਰਿਆਮ ਸਿੰਘ ਸੰਧੂ ਨੂੰ 'ਦੁਖਾਂਤਕ ਵਿਅੰਗ ਦਾ ਸਿਰਜਣਹਾਰ' ਕਿਉਂ ਕਿਹਾ ਜਾਂਦਾ ਹੈ ? ਉਸਦੀਆਂ ਵੱਖ-ਵੱਖ ਕਹਾਣੀਆਂ ਦੇ ਹਵਾਲੇ ਨਾਲ ਚਰਚਾ ਕਰੋ । *15*

**Q7. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) "ਅਵਤਾਰ ਸਿੰਘ ਅਜ਼ਾਦ ਦੀ ਮਹਾਂ ਕਾਵਿ ਰਚਨਾ ਵਿਚ ਗੁਰਮਤਿ ਦੇ ਕਈ ਪੱਖਾਂ ਦੀ ਵਿਆਖਿਆ ਹੋਈ ਹੈ ।" ਉਸਦੇ ਮਹਾਂ ਕਾਵਿ ਮਰਦ ਅਗੰਮੜਾ, ਵਿਸ਼ਵ ਨੂਰ, ਮਹਾਂਬਲੀ ਅਤੇ ਰਤੁ ਕਾ ਕੁੰਗੂ ਦੇ ਹਵਾਲੇ ਨਾਲ ਇਸ ਕਥਨ ਦੀ ਪੁਸ਼ਟੀ ਕਰੋ । *15*

(b) ਪ੍ਰੋ. ਕਿਸ਼ਨ ਸਿੰਘ ਦੀ ਮਾਰਕਸਵਾਦੀ ਅਧਿਐਨ-ਵਿਧੀ ਦੀਆਂ ਸੀਮਾਵਾਂ ਦਾ ਵਿਸ਼ਲੇਸ਼ਣ ਕਰੋ । *15*

(c) ਪੰਜਾਬੀ ਰਹੱਸਵਾਦੀ ਕਾਵਿ ਦੇ ਖੇਤਰ ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਦੀ ਦੇਣ ਬਾਰੇ ਵਿਚਾਰ ਪ੍ਰਗਟ ਕਰੋ । *20*

**Q8. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਨਾਟਕਕਾਰ ਹਰਚਰਨ ਸਿੰਘ ਦੀ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਦੇਣ ਬਾਰੇ ਵਿਸਤ੍ਰਿਤ ਨੋਟ ਲਿਖੋ । *20*

(b) 'ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਕ ਨਿਪੁੰਨ ਸ਼ੈਲੀਕਾਰ ਹੈ ।' ਇਸ ਕਥਨ ਦੀ ਰੋਸ਼ਨੀ ਵਿਚ ਉਸ ਦੀ ਵਾਰਤਕ ਸ਼ੈਲੀ ਦੇ ਮੁੱਖ ਗੁਣਾਂ ਬਾਰੇ ਚਰਚਾ ਕਰੋ । *15*

(c) ਪੰਜਾਬੀ ਪ੍ਰਗੀਤ ਪਰੰਪਰਾ ਦੇ ਵਿਕਾਸ ਵਿਚ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਦੀ ਦੇਣ ਦਾ ਅਧਿਐਨ ਪ੍ਰਸਤੁਤ ਕਰੋ । *15*